**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ,**
**ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਵਿੱਦਿਆ ਭਵਨ, ਈ-ਬਲਾਕ, ਪੰਜਵੀਂ ਮੰਜਿਲ,**
**ਫੇਜ-8, ਐਸ.ਏ.ਐਸ. ਨਗਰ (ਮੋਹਾਲੀ), ਪੰਜਾਬ**

ਵੱਲ :

ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ
ਸਮੂਹ ਸਰਕਾਰੀ ਸਕੂਲ, ਪੰਜਾਬ

3593

ਮੀਮੋ ਨੰ :- ਸਸਅ/2015/ਐਮ.ਆਈ.ਐਸ./ਈ-ਪੰਜਾਬ/2015/5354

ਮਿਤੀ : ਚੰਡੀਗੜ੍ਹ 21 ਸਤੰਬਰ, 2015

ਵਿਸ਼ਾ : **ਨੈਸ਼ਨਲ ਅਤੇ ਸਟੇਟ ਪੱਧਰ ਉੱਤੇ ਅਵਾਰਡ ਪ੍ਰਾਪਤ ਕਰਨ ਵਾਲੇ ਅਧਿਆਪਕਾਂ ਦੀ ਜਾਣਕਾਰੀ ਵੈਬਸਾਈਟ ਉੱਤੇ ਅਪਲੋਡ ਕਰਨ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਆਪ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਸਿੱਖਿਆ ਵਿਭਾਗ, ਪੰਜਾਬ ਵਲੋਂ ਫੈਸਲਾ ਲਿਆ ਗਿਆ ਹੈ ਕਿ ਰਾਜ ਦੇ ਸਮੂਹ ਅਧਿਆਪਕਾਂ, ਜਿਨ੍ਹਾਂ ਨੂੰ ਨੈਸ਼ਨਲ ਅਤੇ ਸਟੇਟ ਪੱਧਰ ਉੱਤੇ ਅਵਾਰਡ ਪ੍ਰਾਪਤ ਹੋਏ ਹਨ, ਦੀ ਜਾਣਕਾਰੀ ਵਿਭਾਗ ਦੀ ਵੈਬਸਾਈਟ ਉੱਤੇ ਅਪਲੋਡ ਕੀਤੀ ਜਾਵੇਗੀ ਤਾਂ ਜੋ ਇਨ੍ਹਾਂ ਅਧਿਆਪਕਾਂ ਵਲੋਂ ਕੀਤੇ ਜਾਂਦੇ ਕੰਮਾਂ ਤੋਂ ਹੋਰ ਅਧਿਆਪਕ ਵੀ ਪ੍ਰੇਰਿਤ ਹੋ ਸਕਣ।

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ. ਅਤੇ ਐ.ਸਿ.) ਨੂੰ ਲਿਖਿਆ ਜਾਂਦਾ ਹੈ ਕਿ ਉਹ ਅਜਿਹੇ ਅਧਿਆਪਕਾਂ ਦੀ ਜਾਣਕਾਰੀ ਹੇਠ ਲਿਖੇ ਪ੍ਰੋਫਾਰਮੇ ਵਿਚ ਭਰ ਕੇ ਮੁੱਖ ਦਫਤਰ ਦੀ ਈ-ਮੇਲ ssapunjab.mis@gmail.com ਉੱਤੇ ਭੇਜਣ। ਹਰ ਅਧਿਆਪਕ ਦਾ ਇੱਕ ਵੱਖਰਾ ਫੋਲਡਰ ਬਣਾ ਕੇ ਉਸ ਵਿਚ ਉਸ ਦੀ ਹੇਠ ਲਿਖੇ ਅਨੁਸਾਰ ਜਾਣਕਾਰੀ, ਫੋਟੋ ਅਤੇ ਕੀਤੇ ਗਏ ਕੰਮਾਂ ਬਾਰੇ ਵਿਸਥਾਰ ਨੋਟ ਹੋਵੇ :-

| ਜਿਲ੍ਹਾ | ਸਕੂਲ ਦਾ ਨਾਮ (ਜਿਸ ਸਕੂਲ ਵਿਚ ਅਧਿਆਪਕ ਅਵਾਰਡ ਮਿਲਣ ਸਮੇਂ ਕੰਮ ਕਰਦਾ ਸੀ) | ਅਧਿਆਪਕ ਦਾ ਨਾਮ | ਅਹੁਦਾ | ਵਿਸ਼ਾ | ਨੈਸ਼ਨਲ / ਸਟੇਟ ਅਵਾਰਡ | ਸਾਲ ਜਿਸ ਦੌਰਾਨ ਅਵਾਰਡ ਮਿਲਿਆ ਹੈ। |
|---|---|---|---|---|---|---|
| | | | | | | |

ਸਮੂਹ ਸਰਕਾਰੀ ਸਕੂਲਾਂ ਦੇ ਮੁਖੀਆਂ ਨੂੰ ਵੀ ਲਿਖਿਆ ਜਾਂਦਾ ਹੈ ਕਿ ਜੇਕਰ ਉਨ੍ਹਾਂ ਦੇ ਸਕੂਲ ਵਿਚ ਵੀ ਕੋਈ ਨੈਸ਼ਨਲ ਜਾਂ ਸਟੇਟ ਅਵਾਰਡ ਪ੍ਰਾਪਤ ਅਧਿਆਪਕ ਮੌਜੂਦ ਹੈ ਤਾਂ ਉਸ ਦੀ ਜਾਣਕਾਰੀ ਉਪਰੋਕਤ ਪ੍ਰੋਫਾਰਮੇ ਵਿਚ ਭਰ ਕੇ (ਫੋਟੋ ਸਮੇਤ) ਸਬੰਧਤ ਜਿਲ੍ਹਾ ਸਿੱਖਿਆ ਦਫਤਰ ਨੂੰ ਤੁਰੰਤ ਭੇਜੀ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

Scanned by CamScanner